ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ.....1025...............ਸ.ਸ.ਕਸ ਮਿਤੀ 28/2/23..ਐਸ.ਏ.ਐਸ.ਨਗਰ

ਵਿਸ਼ਾ:- ਬਾਰਵੀਂ ਸ਼੍ਰੇਣੀ ਫਰਵਰੀ/ਮਾਰਚ 2023 ਦੀ ਪਹਿਲਾਂ ਜਾਰੀ ਡੇਟਸ਼ੀਟ ਅਨੁਸਾਰ ਵਿਸ਼ਾ ਵਾਤਾਵਰਣ ਸਿੱਖਿਆ (ਕੋਡ 139) ਦਾ ਪ੍ਰਸ਼ਨ ਪੱਤਰ ਸੋਧੀ ਮਿਤੀ ਅਨੁਸਾਰ ਬੈਂਕਾਂ ਤੋਂ ਪ੍ਰਾਪਤ ਕਰਨ ਬਾਰੇ ਅਤੇ ਦਸਵੀਂ ਅਤੇ ਬਾਰਵੀਂ ਸ਼੍ਰੇਣੀ 2023 ਦੇ ਪ੍ਰਸ਼ਨ ਪੱਤਰ ਬੈਂਕਾਂ ਵਿੱਚ ਰੱਖਣ ਦੀਆਂ ਪਹਿਲਾਂ ਨਿਰਧਾਰਤ ਮਿਤੀਆਂ ਵਿੱਚ ਤਬਦੀਲੀ ਸਬੰਧੀ।

ਸਬੰਧੀ ।

ਬਾਰਵੀਂ ਸ਼੍ਰੇਣੀ ਫਰਵਰੀ/ਮਾਰਚ 2023 ਦੀ ਪਹਿਲਾਂ ਜਾਰੀ ਡੇਟਸ਼ੀਟ ਅਨੁਸਾਰ ਵਾਤਾਵਰਣ ਸਿੱਖਿਆ (ਕੋਡ 139) ਤਾ ਪੇਪਰ ਮਿਤੀ 6.3.2023 ਨੂੰ ਰੱਖਿਆ ਗਿਆ ਸੀ। ਹੋਲੇ ਮਹੱਲੇ ਦਾ ਸਮਾਗਮ ਹੋਣ ਕਾਰਨ ਹੁਣ ਇਹ ਪੇਪਰ ਮਿਤੀ 6.3.2023 ਦੀ ਬਜਾਏ ਮਿਤੀ 21.4.2023 ਨੂੰ ਹੋਵੇਗਾ। ਇਸ ਸਬੰਧੀ ਸੂਚਨਾਂ ਪ੍ਰੈਸ ਨੋਟ ,ਸਕੂਲ ਲੋਗਿੰਨ ਰਾਹੀ ਦਿੱਤੀ ਜਾ ਚੁੱਕੀ ਹੈ । ਸੋਧੀ ਡੇਟਸ਼ੀਟ ਬੋਰਡ ਦੀ ਵੈਬਸਾਈਟ ਤੇ ਪਾਈ ਜਾ ਚੁੱਕੀ ਹੈ। ਇਸ ਲਈ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਵਾਤਾਵਰਣ ਸਿੱਖਿਆ (ਕੋਡ 139) ਦਾ ਪ੍ਰਸ਼ਨ ਪੱਤਰਾਂ ਦਾ ਪੈਕਟ ਮਿਤੀ 21.4.2023 ਨੂੰ ਹੀ ਬੈਂਕਾਂ ਤੋਂ ਪ੍ਰਾਪਤ ਕੀਤਾ ਜਾਵੇ। ਜੇਕਰ ਕਿਸੇ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ ਵੱਲੋਂ ਪਹਿਲਾਂ ਜਾਰੀ ਡੇਟਸ਼ੀਟ ਅਨੁਸਾਰ ਨਿਰਧਾਰਤ ਮਿਤੀ ਨੂੰ ਪ੍ਰਸ਼ਨ ਪੱਤਰ ਪ੍ਰਾਪਤ ਕੀਤਾ ਗਿਆ/ ਖੋਲਿਆ ਗਿਆ ਤਾਂ ਉਸਦੀ ਸਮੁੱਚੀ ਜਿੰਮੇਵਾਰੀ ਆਪਦੀ ਹੋਵੇਗੀ।

ਉਕਤ ਤੋਂ ਇਲਾਵਾ ਦਫਤਰ ਵੱਲੋਂ ਜਾਰੀ ਪੱਤਰ ਨੰ: ਪਸਸਬ- 1001 ਮਿਤੀ 13.2.2023 ਅਨੁਸਾਰ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਕੇਵਲ (Second Lot) ਦੇ ਪ੍ਰਸ਼ਨ ਪੱਤਰ ਬੈਂਕਾਂ ਵਿੱਚ ਰੱਖਣ ਲਈ ਮਿਤੀ 20.3.2023 ਤੋਂ 22.3.2023 ਨਿਰਧਾਰਤ ਕੀਤੀ ਗਈ ਸੀ। ਪ੍ਰਬੰਧਕੀ ਕਾਰਨਾਂ ਕਰਕੇ ਪ੍ਰਸ਼ਨ ਪੱਤਰਾਂ ਬੈਂਕਾਂ ਵਿੱਚ ਰੱਖਣ ਦੀਆਂ ਮਿਤੀਆਂ ਵਿੱਚ ਤਬਦੀਲੀ ਕੀਤੀ ਗਈ ਹੈ। ਹੁਣ ਇਹ ਪ੍ਰਸ਼ਨ ਪੱਤਰ ਮਿਤੀ 18.3.2023, 20.3.2023, 21.3.2023 ਅਤੇ 22.3.2023 ਤੱਕ (ਚਾਰ ਦਿਨ) ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ , ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ।

ਸਹੀ/
ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:- ਸਮੂਹ ਜਿਲਾ ਸਿੱਖਿਆ ਅਫਸਰ/ਮੈਨੇਜਰ ਖੇਤਰ ਦਫਤਰ,ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ
ਪਿੱਠ ਅੰਕਣ ਨੰ. ਅ-7/1 ( ) 2023/420 ਮਿਤੀ:-6/3/23
ਪੜਤ ਨੰ. 1-ਤੋਂ 404 ਤੱਕ ਦਾ ਉਤਾਰਾ ਜ਼ਿਲਾ ਬਠਿੰਡਾ ਦੇ ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੀ ਸੂਚਨਾ ਅਤੇ ਲੋੜਾ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿ. ਸਿ. ਅ (ਸੈ. ਸਿ)
ਬਠਿੰਡਾ

Scanned with OKEN Scanner

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਜ਼ਿਲਾ ਮੈਨੇਜਰ,
ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ: ਪਸਸਬ......1026..............ਸ.ਸ.ਕਸ ਮਿਤੀ 24/2/23..ਐਸ.ਏ.ਐਸ.ਨਗਰ

ਵਿਸ਼ਾ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਫਰਵਰੀ/ਮਾਰਚ 2023 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਤਬਦੀਲ ਕੀਤੀਆਂ ਮਿਤੀਆਂ ਅਨੁਸਾਰ ਆਪਣੀ ਨਿਗਰਾਨੀ ਹੇਠ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰਖਵਾਉਣ ਸਬੰਧੀ।

ਦਫਤਰ ਵੱਲੋਂ ਜਾਰੀ ਪੱਤਰ ਨੰ: ਪਸਸਬ-1000 ਮਿਤੀ 13.2.2023 ਅਨੁਸਾਰ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਅਤੇ ਬਾਰਵੀਂ ਸ਼੍ਰੇਣੀ ਦੇ ਕੇਵਲ (Second Lot ) ਪ੍ਰਸ਼ਨ ਪੱਤਰ ਬੋਰਡ ਵੱਲੋਂ ਨਿਯੁਕਤ ਟੀਮਾਂ ਰਾਹੀਂ ਖੇਤਰੀ ਦਫਤਰਾਂ ਵਿਖੇ ਪਹੁੰਚਾਉਣ ਲਈ ਨਿਰਧਾਰਤ ਮਿਤੀ 19.3.2023 ਰੱਖੀ ਗਈ ਸੀ। ਪ੍ਰਬੰਧਕੀ ਕਾਰਨਾਂ ਕਰਕੇ ਇਨਾਂ ਮਿਤੀਆਂ ਵਿੱਚ ਤਬਦੀਲੀ ਕੀਤੀ ਗਈ ਹੈ। ਹੁਣ ਮੁੱਖ ਦਫਤਰ ਤੋਂ ਟੀਮਾਂ ਮਿਤੀ 19.3.2023 ਦੀ ਬਜਾਏ 17.3.2023 ਨੂੰ ਪ੍ਰਸ਼ਨ ਪੱਤਰ ਲੈ ਕੇ ਆਉਣਗੀਆਂ।

ਬੈਂਕਾਂ ਵਿੱਚ ਪ੍ਰਸਨ ਪੱਤਰ ਰੱਖਣ ਦੀ ਪਹਿਲਾਂ ਨਿਰਧਾਰਤ ਮਿਤੀ 20.3.2023 ਤੋਂ 22.3.2023 ਦੀ ਬਜਾਏ ਹੁਣ ਮਿਤੀ 18.3.2023, 20.3.2023, 21.3.2023 ਅਤੇ 22.3.2023 ਤੱਕ (ਚਾਰ ਦਿਨ) ਤਬਦੀਲ ਕੀਤੀ ਗਈ ਹੈ। ਤਬਦੀਲ ਹੋਈਆਂ ਮਿਤੀਆਂ ਅਨੁਸਾਰ ਤੁਸੀ ਆਪਣੀ ਨਿਗਰਾਨੀ ਅਧੀਨ ਟੀਮਾਂ ਬਣਾ ਕੇ ਇਹ ਪ੍ਰਸ਼ਨ ਪੱਤਰ ਸਬੰਧਤ ਬੈਂਕ ਸ਼ਾਖਾਵਾਂ ਵਿੱਚ ਜਾ ਕੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਪ੍ਰਾਪਤ ਕਰਵਾਓਗੇ।

ਸਹੀ/
ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:- ਜਿਲਾ ਸਿੱਖਿਆ ਅਫਸਰ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ..1028.........ਕੰਪ੍ਰੀ ਮਿਤੀ .28/2/23.ਐਸ.ਏ.ਐਸ.ਨਗਰ

ਵਿਸ਼ਾ:- **ਦਸਵੀਂ ਅਤੇ ਬਾਰਵੀਂ/ ਸ਼੍ਰੇਣੀ ਫਰਵਰੀ/ ਮਾਰਚ 2023 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖ ਗਏ / ਰੱਖੇ ਜਾਣੇ ਹਨ ਪ੍ਰੀਖਿਆ ਵਾਲੇ ਦਿਨ ਤਬਦੀਲ ਕੀਤੇ ਗਏ ਸਮੇਂ ਅਨੁਸਾਰ ਪ੍ਰਾਪਤ ਕਰਨ ਸਬੰਧੀ।**

ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਫਰਵਰੀ /ਮਾਰਚ 2023 ਦੀ ਪ੍ਰੀਖਿਆ ਦੌਰਾਨ ਜਾਰੀ ਹਦਾਇਤਾਂ ਸਬੰਧੀ ਪੱਤਰ ਨੰ: 1001 ਮਿਤੀ 13.2.2023 ਜਾਰੀ ਕੀਤਾ ਗਿਆ ਜਿਸ ਵਿੱਚ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦਾ ਸਮਾਂ 8.30 ਵਜੇ ਸਵੇਰ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰਾਪਤ ਕਰਵਾਉਣ ਦਾ ਸਮਾਂ 12.30 ਦੁਪਿਹਰ ਦਰਜ ਕੀਤਾ ਗਿਆ ਹੈ। ਇਸੇ ਤਰਾਂ ਪੱਤਰ ਨੰ: 1016 ਮਿਤੀ 25.2.2023 ਜਾਰੀ ਕਰਦੇ ਹੋਏ ਲਿਖਿਆ ਗਿਆ ਸੀ ਕਿ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰੀਖਿਆ ਵਾਲੇ ਦਿਨ 12.30 ਵਜੇ ਦੁਪਹਿਰ ਰੱਖਿਆ ਗਿਆ ਸੀ। ਇਸ ਦਿੱਤੇ ਸਮੇਂ ਵਿੱਚ ਹੁਣ ਤਬਦੀਲੀ ਕੀਤੀ ਗਈ ਹੈ। ਇਸ ਤਬਦੀਲੀ ਅਨੁਸਾਰ ਨਿਮਨਲਿਖਤ ਸਮੇਂ ਅਨੁਸਾਰ ਪ੍ਰਸ਼ਨ ਪੱਤਰ ਬੈਂਕਾਂ ਤੋਂ ਪ੍ਰਾਪਤ ਕੀਤੇ ਜਾਣ:-

1. ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ (ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਵੱਧ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਸਵੇਰੇ 8.30 ਤੋਂ 9.00 ਵਜੇ ਸਵੇਰ ਅਤੇ ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਘੱਟ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਸਵੇਰੇ9.00 ਤੋਂ 9.15 ਵਜੇ ਤੱਕ ਹੈ।
2. ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ (ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਵੱਧ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਦੁਪਹਿਰ 12.30 ਤੋਂ 1.00 ਵਜੇ ਤੱਕ ਅਤੇ ਜਿਹੜੇ ਕੇਂਦਰ 3 ਕਿਲੋਮੀਟਰ ਦੇ ਘੇਰੇ ਦੇ ਅੰਦਰ ਆਉਂਦੇ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਦੁਪਹਿਰ 1.00 ਤੋਂ 1.15 ਵਜੇ ਤੱਕ ਹੈ।
3. ਸਮੇਂ ਦੀ ਤਬਦੀਲੀ ਤੋਂ ਇਲਾਵਾਂ ਪਹਿਲਾਂ ਜਾਰੀ ਪੱਤਰ ਵਿੱਚ ਹੋਰ ਦਿੱਤੀਆਂ ਹਦਾਇਤਾਂ ਪਹਿਲਾਂ ਵਾਲੀਆਂ ਹੀ ਹਨ ਇਨਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।
4. ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ ਸੂਚਨਾ ਹਰ ਰੋਜ਼ ਦਸਵੀਂ ਸ਼੍ਰੇਣੀ ਸਵੇਰੇ 10.30 ਵਜੇ ਅਤੇ ਬਾਰਵੀਂ ਸ਼੍ਰੇਣੀ2.30 ਵਜੇ ਮੇਲ ਆਈ.ਡੀ.conductpseb@gmail.com ਤੇ ਰਿਪੋਰਟ ਕੀਤੀ ਜਾਵੇ।

ਸਹੀ/-
ਕੰਟਰੋਲਰ (ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ:ਸਮੂਹ ਜਿਲਾ ਸਿੱਖਿਆ ਅਫਸਰ ਨੂੰ ਪੱਤਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪ੍ਰੀਖਿਆ ਦੇ ਕਿਸੇ ਵੀ ਵਿਸ਼ੇ ਦੇ ਸੀਲਬੰਦ ਪੈਕਟ ਨੂੰ ਨਿਸ਼ਚਿਤ ਸਮੇਂ ਤੋਂ ਪਹਿਲਾਂ ਨੁਕਸਾਨ ਹੁੰਦਾ ਹੈ, ਪੇਪਰ ਲੀਕ ਹੁੰਦਾ ਹੈ, ਤਾਂ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ, ਜਿਲਾ ਸਿੱਖਿਆ ਅਫਸਰ, ਬੈਂਕਾਂ ਦਾ ਅਮਲਾ , ਸਖਤ ਕਾਰਵਾਈ ਦੇ ਭਾਗੀਦਾਰ ਹਨ।

28.2.2023
ਕੰਟਰੋਲਰ ( ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ।

Scanned with OKEN Scanner

# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰਵੀਂ ਸ਼੍ਰੇਣੀ ਪਰੀਖਿਆ ਫਰਵਰੀ/ਮਾਰਚ-2023 ਦੇ ਪ੍ਰਸ਼ਨ ਪੱਤਰ ਬੈਂਕ ਤੋਂ ਪ੍ਰਾਪਤ ਕਰਨ ਉਪਰੰਤ ਪ੍ਰਫਾਰਮਾ ਜਿਲ੍ਹਾ ਡੀਲਿੰਗ ਸਹਾਇਕ ਨੂੰ Whatsapp ਰਾਹੀਂ ਭੇਜਣ ਸਬੰਧੀ।

ਜਿਲ੍ਹਾ:-.................................... ਮਿਤੀ :-......................................

ਸ਼੍ਰੇਣੀ.......................................... ਵਿਸ਼ਾ:-............................................................................................................

| ਪਰੀਖਿਆ ਕੇਂਦਰ ਦਾ ਨਾਂ ਅਤੇ ਕੇਂਦਰ ਕੋਡ | ਬੈਂਕ ਦਾ ਨਾਂ | ਬੈਂਕ ਤੋਂ ਪ੍ਰਸ਼ਨ ਪੱਤਰ ਦਾ ਸੀਲ ਬੰਦ ਪੈਕਟ ਪ੍ਰਾਪਤ ਕਰਨ ਵਾਲੇ ਦਾ ਨਾਂ ਅਤੇ ਮੋਬਾਇਲ ਨੰ. | ਬੈਂਕ ਤੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦਾ ਸਮਾਂ | ਪਰੀਖਿਆ ਕੇਂਦਰ ਵਿੱਚ ਪਹੁੰਚਣ ਦਾ ਸਮਾਂ | ਪ੍ਰਸ਼ਨ ਪੱਤਰ ਦਾ ਸੀਲ ਬੰਦ ਪੈਕਟ ਪ੍ਰਾਪਤ ਕਰਨ ਵਾਲੇ ਸੁਪਰਡੰਟ ਦਾ ਨਾ ,ਸਮਾਂ ਅਤੇ ਮੋਬਾਇਲ ਨੰ. | ਵਿਸ਼ੇਸ਼ ਕਥਨ |
|---|---|---|---|---|---|---|
| | | | | | | |

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੇ ਪੂਰੇ ਹਸਤਾਖਰ

ਮੋਬਾਈਲ ਨੰ.............................................

ਕੇਂਦਰ ਸੁਪਰਡੰਟ ਦੇ ਪੂਰੇ ਹਸਤਾਖਰ

ਮੋਬਾਈਲ ਨੰ.............................................

Scanned with OKEN Scanner